ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ
ਨਰਮੇ-ਕਪਾਹ ਦੀ ਫ਼ਸਲ ਲਈ (13 ਤੋਂ 19 ਜੂਨ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋਂ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

ਮਿਤੀ	ਮੀਂਹ (ਮਿ.ਮੀ.) ਜੂਨ 2016							ਸਲਾਹ		
	13	14	15	16	17	18	19			
ਪੰਜਾਬ								ਖੇਤਾਂ ਵਿੱਚ ਨਰਮਾ-ਕਪਾਹ ਅਤੇ ਨਦੀਨਾਂ ਦਾ ਲਗਾਤਾਰ ਚਿੱਟੀ ਮੱਖੀ ਦਾ ਸਰਵੇਖਣ ਕਰੋ। ਖੇਤਾਂ ਨੂੰ ਨਦੀਨਾਂ ਤੋ ਰਹਿਤ ਰੱਖੋ। ਕਪਾਹ ਤੇ ਚਿੱਟੀ ਮੱਖੀ 0.4 ਤੋ 2.20 (ਬਾਲਗ ਪ੍ਰਤੀ ਪੱਤਾ) ਪਾਈ ਗਈ ਹੈ। ਚਿੱਟੀ ਮੱਖੀ ਦੀ ਅਸੌਤਨ ਗਿਣਤੀ ਅਲੱਗ ਅਲੱਗ ਪਿੰਡਾਂ ਵਿੱਚ ਅਲੱਗ ਅਲੱਗ ਪਾਈ ਗਈ ਹੈ ਜਿਵੇ ਕਿ ਬਾਹਲੇਵਾਲਾ ਵਿੱਚ 0.67, ਢਾਬਸ਼ੇਰਾਂ ਸਿੰਘ ਵਾਲਾ ਵਿੱਚ 0.30, ਅਜੀਤ ਗਿੱਲ ਵਿੱਚ 2.20 ਅਤੇ ਖਾਰਾ, ਫਰੀਦਕੋਟ ਵਿੱਚ 2.20 ਚਿੱਟੀ ਮੱਖੀ (ਬਾਲਗ ਪ੍ਰਤੀ ਪੱਤਾ) ਪਾਈ ਗਈ ਹੈ।ਬਾਰਿਸ਼ ਨਾ ਹੋਣ ਦੀ ਹਾਲਤ ਵਿੱਚ, ਕਿਸਾਨ ਬਿਜਾਈ ਦੇ ਇੱਕ ਮਹੀਨੇ ਬਾਅਦ ਫ਼ਸਲ ਦੀ ਸਿੰਚਾਈ ਕਰਨ ਤਾਂ ਜੋ ਬੂਟਿਆਂ ਨੂੰ ਝੁਲਸਣ ਤੋਂ ਬਚਾਇਆ ਜਾ ਸਕੇ। ਹਰਿਆਣਾ ਦੇ ਬਹੁਤ ਇਲਾਕਿਆਂ ਵਿੱਚ ਨਰਮਾ-ਕਪਾਹ ਦੀ ਫ਼ਸਲ ਆਪਣੀ ਮੁਢਲੀ ਅਵਸਥਾ ਵਿੱਚ ਹੈ। ਅਗੇਤੀ ਬਿਜਾਈ ਵਾਲੀ ਫਸਲ ਵਿੱਚ ਗੋਡੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਕਿਸਾਨ ਵੀਰਾਂ ਨੂੰ ਫ਼ਸਲ ਨੂੰ ਹਰ ਹਫ਼ਤੇ ਵਿੱਚ ਕੀੜਿਆਂ ਦਾ ਸਰਵੇਖਣ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਜਿੰਨਾ ਹੋ ਸਕੇ ਦਵਾਈਆਂ ਦੇ ਛਿੜਕਾਅ ਤੋਂ ਸੰਕੋਚ ਕਰੋ। ਅਪ੍ਰੈਲ ਵਿੱਚ ਕੀਤੀ ਨਰਮਾ-ਕਪਾਹ ਦੀ ਬਿਜਾਈ ਵਾਲੀ ਫ਼ਸਲ ਨੂੰ ਪਹਿਲੀ ਸਿੰਚਾਈ ਕੀਤੀ ਗਈ ਹੈ ਅਤੇ ਕੀੜਿਆਂ ਦਾ ਸਰਵੇਖਣ ਵੀ ਚੱਲ ਰਿਹਾ ਹੈ। ਜਿਥੇ ਪਾਣੀ ਲੱਗ ਚੁੱਕਾ ਹੈ ਉਹਨਾਂ ਖੇਤਾਂ ਵਿੱਚ ਵੱਟ ਬੰਨ੍ਹਿਆਂ ਤੇ ਨਦੀਨ ਦਾ ਹਮਲਾ ਦੇਖਿਆ ਗਿਆ ਹੈ। ਇਸ ਦੇ ਨਾਲ ਹੀ ਨਦੀਨਾਂ ਨੂੰ ਖੇਤਾਂ ਅਤੇ ਵੱਟ ਬੰਨ੍ਹਿਆਂ ਦੇ ਆਲੇ-ਦੁਆਲੇ ਵੀ ਪਾਇਆ ਗਿਆ ਹੈ। ਸਿਰਸਾ ਦੇ ਕੁਝ ਇਲਾਕਿਆਂ ਵਿੱਚ ਚਿੱਟੀ ਮੱਖੀ 2 ਤੋ 11 ਪ੍ਰਤੀ ਤਿੰਨ ਪੱਤਾ ਪਾਈ ਗਈ ਹੈ। ਨਰਮਾ-ਕਪਾਹ ਦੇ ਕੁੱਝ ਖੇਤਾਂ ਵਿੱਚ ਜੜ੍ਹ ਗਲਨ ਦਾ ਰੋਗ ਵੀ ਪਾਇਆ ਗਿਆ ਹੈ। ਕਿਸਾਨਾਂ ਨੂੰ ਹਰ ਰੋਜ਼ ਫ਼ਸਲ ਵਿੱਚ ਕੀੜਿਆਂ ਵਿਰੁੱਧ ਸਰਵੇਖਣ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ। ਜਿਸ ਖੇਤ ਵਿੱਚ ਆਰਥਿਕ ਕੰਗਾਰ ਆ ਜਾਵੇ ਉੱਥੇ ਨਿੰਮਬੀਸਡੀਨ 300 ਪੀ.ਪੀ.ਐਮ @ 1 ਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦਿਓ। ਨਿੰਮ ਤੇ ਅਧਾਰਿਤ ਦਵਾਈਆਂ ਨੂੰ ਆਰਥਿਕ ਕੰਗਾਰ ਜਾਂ ਉਸ ਦੇ ਲਾਗੇ ਆਉਣ ਉਤੇ ਹੀ ਸਪਰੇਅ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।ਪਹਿਲੀ ਸਿੰਚਾਈ ਤੋਂ ਬਾਅਦ ਖੇਤਾਂ ਵਿੱਚ ਘਾਹ ਜ਼ਰੂਰ ਕੱਢੋ । ਜੇਕਰ ਖੇਤਾਂ ਵਿੱਚ ਜੜ੍ਹ ਗਲਨ ਦਾ ਇਤਿਹਾਸ ਅਤੇ ਇਸ ਦੇ ਲੱਛਣ ਪਾਏ ਗਏ ਹਨ ਤਾਂ ਨਰਮ-ਕਪਾਹ ਦੇ ਬੂਟਿਆਂ ਦੀਆਂ ਜੜ੍ਹਾਂ ਦੇ ਕੋਲ ਕਾਰਬਿਨਡਾਜੀਮ @ 1 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰ ਦਿਓ।		
ਬਠਿੰਡਾ	0	0	0	0	0	0	0			
ਫਿਰੋਜ਼ਪੁਰ	0	0	0	0	0	0	0			
ਮੁਕਤਸਰ	0	1	0	0	0	0	0			
ਮਾਨਸਾ	0	2	0	0	0	0	0			
ਹਰਿਆਣਾ										
ਸਰਸਾ	0	0	0	0	0	0	0			
ਹਿਸਾਰ	0	1	0	0	0	0	0			
ਫਤਿਆਬਾਦ	1	1	0	0	0	0	0			
ਹਨੁਮਾਨਗੜ੍ਹ	0	0	0	0	0	0	0			0
ਸ੍ਰੀ ਗੰਗਾਨਗਰ	0	0	0	0	0	0	0			0
ਬਾਂਸਵਾੜਾ	0	0	0	0	0	0	0			0